**THE PUNJAB STATE BOARD OF TECHNICAL EDUCATION AND INDUSTRIAL TRAINING**

PLOT NO. 1-A, SEC. 36-A, CHANDIGARH PH. : 615385, 622584-85 FAX : 660734

ਨੰ:ਪੀ.ਐਸ.ਬੀ./ਆਈ.ਟੀ./2016/4188 ਅਤਿ ਜਰੂਰੀ/ਸਮਾਂਬੱਧ ਮਿਤੀ:22.12.15

ਸੇਵਾ ਵਿਖੇ

ਪ੍ਰਿੰਸੀਪਲ/ਮੁੱਖ ਅਧਿਆਪਕ,
ਸਮੂਹ ਸਰਕਾਰੀ/ਪ੍ਰਾਈਵੇਟ ਆਈ.ਟੀ.ਆਈ./ਆਈ.ਟੀ.ਸੀ. (ਇ:),
ਆਰਟ ਐਂਡ ਕਰਾਫਟ, ਟੀਚਰ ਟਰੇਨਿੰਗ ਸੰਸਥਾਵਾਂ,
ਪੰਜਾਬ ਰਾਜ ਅਧੀਨ।

ਵਿਸ਼ਾ: ਆਈ.ਟੀ.ਆਈ. ਸੰਸਥਾਵਾਂ ਵਿੱਚ ਸੈਸ਼ਨ ਜਨਵਰੀ 2016 ਵਿੱਚ ਕਰਾਫਟਸਮੈਨ ਸਕੀਮ ਅਧੀਨ SCVT/NCVT (Semester system & Conventional old pattern)/ ਆਰਟ ਐਂਡ ਕਰਾਫਟ/ਟੀਚਰ ਟਰੇਨਿੰਗ ਪ੍ਰੀਖਿਆ ਵਿੱਚ ਅਪੀਅਰ ਹੋਣ ਵਾਲੇ ਸਿਖਿਆਰਥੀਆਂ ਦੇ ਏ.ਪੀ.ਐਫ ਅਤੇ ਪ੍ਰੀਖਿਆ ਫੀਸ ਲੈਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਦਸਿਆ ਜਾਂਦਾ ਹੈ ਕਿ ਜੁਲਾਈ 2015 ਦੀ ਪ੍ਰੀਖਿਆ ਦੀ ਤਰ੍ਹਾਂ ਹੀ ਜਨਵਰੀ 2016 ਵਿੱਚ **ਕਰਾਫਟਸਮੈਨ ਸਕੀਮ ਅਧੀਨ SCVT (Semester system & Conventional old pattern) ਅਤੇ NCVT (Semester system &Conventional old pattern) ਸਕੀਮ ਅਧੀਨ ਹੋਣ ਵਾਲੀ ਪ੍ਰੀਖਿਆ ਇੱਕਠੀ ਲਈ ਜਾਣੀ ਹੈ।** ਡੀ. ਜੀ. ਟੀ. ਨਵੀਂ ਦਿੱਲੀ ਵਲੋਂ NCVT Semester system/Conventional/old pattern ਲਈ ਜਾਰੀ ਕੀਤੀ ਗਈ ਡੇਟਸ਼ੀਟ ਹੀ SCVT Semester system/Conventional/old pattern ਦੀ ਵੀ ਹੈ ਅਤੇ ਪ੍ਰਸ਼ਨ ਪੱਤਰ ਵੀ ਸਿਖਿਆਰਥੀਆਂ ਨੂੰ ਡੀ.ਜੀ.ਟੀ. ਨਵੀਂ ਦਿੱਲੀ ਦੇ ਪੈਟਰਨ ਤੇ ਹੀ (ਡੀ.ਜੀ.ਟੀ. ਨਵੀਂ ਦਿੱਲੀ ਤੋਂ ਪ੍ਰਾਪਤ NCVT ਦੇ ਪ੍ਰਸ਼ਨਪੱਤਰ) ਦਿੱਤੇ ਜਾਣੇ ਹਨ।

2. ਸੰਸਥਾਵਾਂ ਕਰਾਫਟਸਮੈਨ ਸਕੀਮ ਅਧੀਨ **NCVT/SCVT (Semester system & Conventional old pattern)/** ਆਰਟ ਐਂਡ ਕਰਾਫਟ (ਰੀਅਪੀਅਰ) / ਟੀਚਰ ਟਰੇਨਿੰਗ (ਰੀਅਪੀਅਰ) ਪ੍ਰੀਖਿਆ ਵਿੱਚ ਅਪੀਅਰ ਹੋਣ ਵਾਲੇ ਸਿਖਿਆਰਥੀਆਂ ਦੀ ਏ.ਪੀ.ਐਫ. ਡੀਟੇਲ ਪ੍ਰਫਾਰਮੇ ਹੇਠ ਲਿਖੇ ਸ਼ਡਿਊਲ ਅਨੁਸਾਰ ਬੋਰਡ ਦਫਤਰ ਵਿਖੇ ਜਮਾਂ ਕਰਵਾਏਗੀ:-

| ਲੜੀ ਨੰ. | ਜ਼ਿਲਾ ਅਧੀਨ ਸੰਸਥਾਵਾਂ | ਨਿਰਧਾਰਿਤ ਮਿਤੀ | ਪ੍ਰੀਖਿਆ ਫੀਸ | ਲੇਟ ਫੀਸ ਨਾਲ |
|---|---|---|---|---|
| 1. | ਪਟਿਆਲਾ, ਮੋਗਾ, ਤਰਨਤਾਰਨ, ਫਿਰੋਜ਼ਪੁਰ, ਫਾਜ਼ਿਲਕਾ, | 28-12-2015 | 1. For Semester System(NCVT) :- Rs.450/ + Rs.75/-per sem. per candidate Total=RS.525/- 2. For Semester System(SCVT)/Conventional old Pattern(NCVT & SCVT) / Teacher Training :- Rs.450/-per sem. per candidate 3. For Conventional old Pattern (NCVT & SCVT) / Teacher Training :- Rs.450/- per candidate 4. For Art & Craft Exams :- Rs.500/-per year per candidate | ਨਿਰਧਾਰਿਤ ਫੀਸ + 1000/- ਰੁਪਏ ਪ੍ਰਤੀ ਸਿਖਿਆਰਥੀ (ਮਿਤੀ:-6 ਜਨਵਰੀ 2016 ਤੋਂ 8 ਜਨਵਰੀ 2016 ਤੱਕ) |
| 2. | ਫਰੀਦਕੋਟ, ਮੁਕਤਸਰ, ਰੋਪੜ, ਨਵਾਂ ਸ਼ਹਿਰ, ਗੁਰਦਾਸਪੁਰ, ਲੁਧਿਆਣਾ, ਜਲੰਧਰ | 29-12-2015 | | |
| 3. | ਅੰਮ੍ਰਿਤਸਰ, ਮੁਹਾਲੀ, ਫਤਿਹਗੜ੍ਹ ਸਾਹਿਬ, ਕਪੂਰਥਲਾ, ਮਾਨਸਾ, ਪਠਾਨਕੋਟ, ਬਰਨਾਲਾ | 30-12-2015 | | |
| 4. | ਬਠਿੰਡਾ, ਸੰਗਰੂਰ, ਹੁਸ਼ਿਆਰਪੁਰ | 31-12-2015 | | |

3. ਪ੍ਰੈਕਟੀਕਲ ਫੀਸ 50/-ਰੁਪਏ ਪ੍ਰਤੀ ਸਿਖਿਆਰਥੀ ਪ੍ਰਤੀ ਸਮੈਸਟਰ ਸੰਸਥਾ ਵਲੋਂ ਆਪਣੇ ਪੱਧਰ ਤੇ ਲਈ ਜਾਵੇਗੀ। ਇਹ ਰਕਮ ਸੰਸਥਾ ਵਲੋਂ ਪ੍ਰੈਕਟੀਕਲ ਪ੍ਰੀਖਿਆ ਕਰਵਾਉਣ ਲਈ ਰਾਅ ਮਟਰੀਅਲ ਆਦਿ ਖਰੀਦਣ ਲਈ ਵਰਤੀ ਜਾਵੇਗੀ।

4. ਸੰਸਥਾਵਾਂ ਦੇ ਪ੍ਰਿੰਸੀਪਲ ਬੋਰਡ ਦਫਤਰ ਵਿਖੇ ਏ.ਪੀ.ਐਫ. ਦੀ ਡੀਟੇਲ ਪ੍ਰੋਫਾਰਮੇ/ਫੀਸ ਦੇ ਨਾਲ ਸਿਖਿਆਰਥੀਆਂ ਦੇ ਸੈਸ਼ਨਲ ਮਾਰਕਸ (SCVT ਪ੍ਰੀਖਿਆ ਦੇ) ਪਹੁੰਚਦੇ ਕਰਨਗੇ।

5. ਬੋਰਡ ਦੀ ਵੈਬਸਾਇਟ (www.punjabteched.com) ਤੇ ਅਪਲੋਡ ਪ੍ਰੀਖਿਆ ਫਾਰਮ ਸਿਖਿਆਰਥੀਆਂ ਵਲੋਂ ਭਰਕੇ ਆਪਣੀ ਸੰਸਥਾ ਵਿੱਚ ਜਮ੍ਹਾ ਕਰਵਾਇਆ ਜਾਵੇਗਾ ਅਤੇ ਸੰਸਥਾ ਦੁਆਰਾ ਇਹ ਏ.ਪੀ.ਐਫ. ਡੀਟੇਲ ਪੱਤਰ ਨਾਲ ਨੱਥੀ ਪ੍ਰੋਫਾਰਮੇ ( ਪ੍ਰੋਫਾਰਮਾ Excel Format ਵਿੱਚ website ਤੋਂ download ਕੀਤਾ ਜਾ ਸਕਦਾ ਹੈ। ) ਤੇ ਭਰਕੇ ਪ੍ਰਿੰਸੀਪਲ ਵਲੋਂ ਸਿਖਿਆਰਥੀ ਦੀ ਪ੍ਰੀਖਿਆ ਲਈ ਡੀ.ਜੀ.ਟੀ. ਨਵੀਂ ਦਿੱਲੀ ਅਤੇ ਡੀ.ਟੀ.ਈ. ਅਤੇ ਆਈ. ਟੀ. ਪੰਜਾਬ ਜੀ ਵਲੋਂ ਜਾਰੀ ਹਦਾਇਤਾਂ ਅਨੁਸਾਰ eligibility ਚੈਕ ਕਰਨ ਉਪਰੰਤ ਤਸਦੀਕ ਕਰਕੇ ਬੋਰਡ ਦਫਤਰ ਵਿਖੇ ਲੋੜੀਂਦੀ ਫੀਸ ਨਾਲ ਜਮ੍ਹਾਂ ਕਰਵਾਈ ਜਾਵੇ। ਇਹ ਪ੍ਰਫਾਰਮਾ ਟਰੇਡ/ਸਮੈਸਟਰ(ਰੀਅਪੀਅਰ ਅਤੇ ਰੈਗੂਲਰ ਦੇ ਸਮੈਸਟਰ ਵਾਇਜ ਅਲੱਗ ਅਲੱਗ ਪ੍ਰਫਾਰਮੇ ਤੇ) ਅਨੁਸਾਰ ਬਣਾਇਆ ਜਾਵੇ।

6. ਇਸ ਤੋਂ ਇਲਾਵਾ ਜਿਹੜੇ ਟਰੇਡ ਡੀ.ਜੀ.ਈ.ਟੀ. ਨਵੀਂ ਦਿੱਲੀ ਅਧੀਨ ਨਹੀਂ ਚੱਲਦੇ, ਉਹਨਾਂ ਦੀ ਪ੍ਰੀਖਿਆ ਦੇ ਪ੍ਰਸ਼ਨ ਪੱਤਰ ਬੋਰਡ ਵਲੋਂ ਜਾਰੀ ਕੀਤੇ ਜਾਣਗੇ। ਇਹਨਾਂ ਪ੍ਰੀਖਿਆਵਾਂ ਦੀ ਡੇਟਸ਼ੀਟ ਡੀ.ਜੀ.ਈ.ਟੀ. ਨਵੀਂ ਦਿੱਲੀ ਵਲੋਂ ਜਾਰੀ ਡੇਟਸ਼ੀਟ ਅਨੁਸਾਰ ਹੀ ਹੋਵੇਗੀ। ਆਰਟ ਐਂਡ ਕਰਾਫਟ, ਟੀਚਰ ਟਰੇਨਿੰਗ ਅਤੇ ਪੰਜਾਬੀ ਸਟੈਨੋ ਪ੍ਰੀਖਿਆ ਦੀ ਡੇਟਸ਼ੀਟ ਵੱਖਰੇ ਤੌਰ ਤੇ ਬੋਰਡ ਦੀ ਵੈਬਸਾਇਟ ਤੇ ਪਾ ਦਿੱਤੀ ਜਾਵੇਗੀ। ਇਸਦੇ ਨਾਲ ਹੀ ਫਰਵਰੀ 2015 ਸੈਸ਼ਨ ਤੋਂ ਪਹਿਲਾਂ ਐਸ.ਸੀ.ਵੀ.ਟੀ./ਐਨ.ਸੀ.ਵੀ.ਟੀ. ਅਧੀਨ ਟਰੇਡਾਂ ਵਿੱਚ ਅਪੀਅਰ ਹੋਏ ਸਿਖਿਆਰਥੀਆਂ (ਜਿਹਨਾਂ ਦੀ ਸੈਲਫ ਇੰਪਲਾਈਮੈਂਟ ਦੇ ਪੇਪਰ ਵਿੱਚ ਰੀਅਪੀਅਰ ਆਈ ਹੋਈ ਹੈ।) ਲਈ ਸੈਲਫ ਇੰਪਲਾਈਮੈਂਟ ਦਾ ਪੇਪਰ ਮਿਤੀ:-23-2-2016 ਨੂੰ ਲਿਆ ਜਾਵੇਗਾ।

7. **NCVT (Semester system)** ਸਕੀਮ ਅਧੀਨ ਅਪੀਅਰ ਹੋਣ ਵਾਲੇ ਉਹਨਾਂ ਸਿਖਿਆਰਥੀਆਂ ਦੀ ਹੀ ਪ੍ਰੀਖਿਆ ਫੀਸ ਬੋਰਡ ਦਫਤਰ ਵਿਖੇ ਜਮ੍ਹਾਂ ਕਰਵਾਈ ਜਾਵੇ, ਜਿਹਨ੍ਹਾਂ ਦਾ ਡਾਟਾ ਐਮ. ਆਈ. ਐਸ. ਪੋਰਟਲ ਤੇ ਆਪ ਦੀ ਸੰਸਥਾ ਵਲੋਂ ਪ੍ਰੀਖਿਆ ਵਿੱਚ ਅਪੀਅਰ ਹੋਣ ਲਈ ਭਰਿਆ ਗਿਆ ਹੈ। ਐਨ.ਸੀ.ਵੀ.ਟੀ. (ਸਮੈਸਟਰ ਸਿਸਟਮ) ਦੇ ਸਿਖਿਆਰਥੀਆਂ ਲਈ ਐਮ.ਆਈ. ਐਸ. ਪੋਰਟਲ ਤੇ ਫੀਸ ਸਟੇਟਸ ਭਰਨ ਤੋਂ ਬਾਅਦ ਟਰੇਡ ਵਾਇਜ ਲਿਸਟਾਂ ਪ੍ਰਿੰਟ ਕਰਕੇ ਕੁਲ ਫੀਸ ਲਿਖ ਕੇ ਪ੍ਰਿੰਸੀਪਲ ਵਲੋਂ ਤਸਦੀਕ ਕਰਨ ਉਪਰੰਤ ਜਮ੍ਹਾਂ ਕਰਵਾਇਆ ਜਾਣ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਜੀ।

**ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ.)**

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

1. ਕੰਟਰੋਲਰ (ਵਿੱਤ ਅਤੇ ਲੇਖਾ)
2. ਕੰਪਿਊਟਰ ਸ਼ਾਖਾ
3. ਸਟੋਰ ਕੀਪਰ (ਪ੍ਰੀਖਿਆ ਲਈ ਸਟੇਸ਼ਨਰੀ)

Sd

**ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ.)**

ਨੋਟ:- ਸਿਖਿਆਰਥੀਆਂ ਦੇ ਏ.ਪੀ.ਐਫ. ਸੰਸਥਾ ਆਪਣੇ ਰਿਕਾਰਡ ਵਿੱਚ ਰੱਖੇਗੀ। ਸੰਸਥਾ ਪ੍ਰਿੰਸੀਪਲ ਵੱਲੋਂ ਤਸਦੀਕਸ਼ੁਦਾ ਏ.ਪੀ.ਐਫ. ਡੀਟੇਲ ਪ੍ਰੋਫਾਰਮਾ ਅਤੇ ਫੀਸ ਦਾ ਪ੍ਰੋਫਾਰਮਾ ਉਪਰੋਕਤ ਅਨੁਸਾਰ ਲੋੜੀਂਦੀ ਫੀਸ/ਦਸਤਾਵੇਜਾਂ ਨਾਲ ਭੇਜੇਗੀ।